**ਕੇਸ ਆਈਡੀ:**

ਉਪਰੋਕਤ ਕਾਉਂਟੀ ਏਜੰਸੀ ਕੋਲ ਰਿਕਾਰਡ ਹਨ, ਜੋ ਦਰਸਾਉਂਦੇ ਹਨ ਕਿ ਤੁਸੀਂ ਵਾਧੂ ਜਾਰੀ ਕੀਤੇ ਗਏ CalFresh ਫ਼ਾਇਦੀਆਂ (ਪਹਿਲਾਂ ਇਹਨਾਂ ਨੂੰ ਫੂਡ ਸਟੈਂਪਸ (Food Stamps) ਕਿਹਾ ਜਾਂਦਾ ਸੀ) ਦੇ ਨਤੀਜੇ ਵਜੋਂ ਨਾ ਭੁਗਤਾਏ ਗਏ ਬੈਲੈਂਸ ਦੇ ਦੇਣਦਾਰ ਹੋ। **ਦਾਅਵਾ ਬਕਾਏ ਦਾ ਬੈਲੈਂਸ: $**

ਕਾਉਂਟੀ ਦੀ ਉਪਰੋਕਤ ਏਜੰਸੀ ਨੇ ਤੁਹਾਨੂੰ ਦਾਅਵੇ ਬਾਰੇ ਅਤੇ ਦਾਅਵੇ 'ਤੇ ਨਿਰਪੱਖ ਸੁਣਵਾਈ ਦੇ ਤੁਹਾਡੇ ਹੱਕ ਬਾਰੇ ਤੁਹਾਨੂੰ ਸੂਚਿਤ ਕਰਦੇ ਹੋਏ ਇੱਕ ਮੰਗ ਪੱਤਰ ਡਾਕ ਰਾਹੀਂ ਭੇਜਣ ਸਮੇਤ, ਲੋੜੀਂਦੇ ਉਗਰਾਹੀ ਯਤਨ ਕੀਤੇ ਹਨ। ਜੇਕਰ ਤੁਸੀਂ ਇਸ ਨੋਟਿਸ ਦੀ ਤਾਰੀਖ ਦੇ 60 ਦਿਨਾਂ ਤੋਂ ਪਹਿਲਾਂ ਆਪਣੀ ਦੇਣਦਾਰੀ ਦਾ ਭੁਗਤਾਨ ਨਹੀਂ ਕਰਦੇ ਜਾਂ ਕੋਈ ਹੋਰ ਕਾਰਵਾਈ ਨਹੀਂ ਕਰਦੇ, ਤਾਂ ਕਾਉਂਟੀ ਦੀ ਏਜੰਸੀ ਤੁਹਾਡੀ ਦੇਣਦਾਰੀ ਦੀ ਉਗਰਾਹੀ ਲਈ ਅਮਰੀਕਾ ਦੇ ਖ਼ਜ਼ਾਨਾ ਵਿਭਾਗ (ਟ੍ਰੇਜ਼ਰੀ) (United States Department of the Treasury) (Treasury), ਟ੍ਰੇਜ਼ਰੀ ਆਫਸੈੱਟ ਪ੍ਰੋਗਰਾਮ (ਟੀ.ਓ.ਪੀ.) (Treasury Offset Program) (TOP) ਨੂੰ ਭੇਜ ਦੇਵੇਗੀ। ਇਸ ਕਾਰਵਾਈ ਦਾ ਅਧਿਕਾਰ, 1982 ਦੇ ਦੇਣਦਾਰੀ ਉਗਰਾਹੀ ਅਧਿਨਿਯਮ (Debt Collection Act of 1982), 1996 ਦੇ ਦੇਣਦਾਰੀ ਉਗਰਾਹੀ ਸੋਧ ਅਧਿਨਿਯਮ (Debt Collection Improvement Act of 1996), ਸੰਘੀ ਵਿਧਾਨ 7 C.F.R. 273.18(n) ਅਤੇ ਰਾਜ ਵਿਧਾਨ ਸੈਕਸ਼ਨ 20-400 (State Regulation Section 20-400) ਵੱਲੋਂ ਦਿੱਤਾ ਗਿਆ ਹੈ। ਜਦੋਂ ਤੁਹਾਡੀ ਦੇਣਦਾਰੀ ਟੀ.ਓ.ਪੀ. ਨੂੰ ਭੇਜੀ ਜਾਂਦੀ ਹੈ, ਤਾਂ ਟ੍ਰੇਜ਼ਰੀ ਵਿਭਾਗ ਤੁਹਾਡੀ ਦੇਣਦਾਰੀ ਦੀ ਰਕਮ ਦੇ ਨਾਲ ਤੁਹਾਡੇ ਕਿਸੇ ਵੀ ਯੋਗ ਸੰਘੀ ਫ਼ਾਇਦਿਆਂ ਨੂੰ ਘਟਾ ਦਿੰਦਾ ਹੈ ਜਾਂ ਰੋਕ ਲੈਂਦਾ ਹੈ। ਆਫਸੈੱਟ (ਸਮਾਯੋਜਨ ਕਰਨ) ਲਈ ਯੋਗ ਸੰਘੀ ਭੁਗਤਾਨਾਂ ਵਿੱਚ ਸ਼ਾਮਲ ਹਨ:

- ਸੰਘੀ ਆਮਦਨੀ ਟੈਕਸ ਰਿਫੰਡ, ਜਿਸ ਵਿੱਚ ਸ਼ਾਮਲ ਹੈ ਕੋਈ ਵੀ ਕਮਾਇਆ ਗਿਆ ਆਮਦਨੀ ਟੈਕਸ ਕ੍ਰੈਡਿਟ;
- ਮਿਲਟਰੀ ਤਨਖ਼ਾਹ ਸਮੇਤ, ਤੁਹਾਡੀ ਸੰਘੀ ਤਨਖ਼ਾਹ ਵਿੱਚੋਂ 15% ਤੱਕ;
- ਤੁਹਾਡੀ ਸੰਘੀ ਰਿਟਾਇਰਮੈਂਟ ਵਿੱਚੋਂ 25% ਤੱਕ;
- ਮਿਲਟਰੀ ਰਿਟਾਇਰਮੈਂਟ ਭੁਗਤਾਨ;
- ਕਾਂਟਰੈਕਟਰ/ਵਿਕਰੇਤਾ ਭੁਗਤਾਨ; ਅਤੇ/ਜਾਂ
- ਹੋਰ ਸੰਘੀ ਭੁਗਤਾਨ

ਇਸਦੇ ਇਲਾਵਾ, ਟ੍ਰੇਜ਼ਰੀ ਨੂੰ ਤੁਹਾਡੀ ਨਾ ਭੁਗਤਾਈ ਗਈ ਦੇਣਦਾਰੀ ਲਈ ਜੁਰਮਾਨੇ, ਫੀਸਾਂ ਜਾਂ ਹੋਰ ਲਾਗਤਾਂ ਜੋੜਣ ਦਾ ਅਧਿਕਾਰ ਹੈ।

ਟੀ.ਓ.ਪੀ. ਤੋਂ ਬਚਣ ਲਈ, ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਇਸ ਨੋਟਿਸ ਦੀ ਤਾਰੀਖ ਦੇ 60 ਦਿਨਾਂ ਦੇ ਅੰਦਰ-ਅੰਦਰ ਉੱਤੇ ਸੂਚੀਬੱਧ ਕਾਉਂਟੀ ਨੂੰ ਸੰਪਰਕ ਕਰੋ ਜਾਂ ਇਹਨਾਂ ਵਿੱਚੋਂ ਇੱਕ ਕੰਮ ਕਰੋ:

- ਆਪਣੀ ਦੇਣਦਾਰੀ ਦੀ ਅਦਾਇਗੀ ਕਰੋ: ਆਪਣੀ ਦੇਣਦਾਰੀ ਦੀ ਅਦਾਇਗੀ ਕਰਨ ਲਈ, ਇਸ ਨੋਟਿਸ ਵਿੱਚ ਸੂਚੀਬੱਧ ਕਾਉਂਟੀ ਦੀ ਇਸ ਏਜੰਸੀ ਦੇ ਨਾਂ 'ਤੇ, ਪੂਰੀ ਰਕਮ ਦਾ ਚੈੱਕ ਜਾਂ ਮਨੀਆਰਡਰ ਭੇਜੋ; ਜਾਂ

- ਅਦਾਇਗੀ ਯੋਜਨਾ ਲਈ ਸਹਿਮਤੀ ਦਿਓ: ਜੇਕਰ ਤੁਸੀਂ ਆਪਣੀ ਦੇਣਦਾਰੀ ਦੀ ਪੂਰੀ ਰਕਮ ਦਾ ਭੁਗਤਾਨ ਨਹੀਂ ਕਰ ਸਕਦੇ, ਤਾਂ ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਇਸ ਨੋਟਿਸ ਵਿੱਚ ਸੂਚੀਬੱਧ ਕਾਉਂਟੀ ਦੀ ਏਜੰਸੀ ਨੂੰ ਸੰਪਰਕ ਕਰੋ, ਅਤੇ ਸਵੀਕਾਰਯੋਗ ਅਦਾਇਗੀ ਯੋਜਨਾ ਲਈ ਸਹਿਮਤੀ ਦਿਓ, ਅਤੇ ਅਦਾਇਗੀ ਯੋਜਨਾ ਵਿੱਚ ਲੋੜੀਂਦੇ ਭੁਗਤਾਨ ਕਰੋ; ਜਾਂ

- ਪ੍ਰਸ਼ਾਸਕੀ ਸਮੀਖਿਆ ਦੀ ਬੇਨਤੀ ਕਰੋ: ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਪੂਰੀ ਜਾਂ ਅੰਸ਼ਕ ਦੇਣਦਾਰੀ ਬਕਾਇਆ ਨਹੀਂ ਹੈ, ਜਾਂ ਕਨੂੰਨੀ ਤੌਰ ‘ਤੇ ਲਾਗੂ ਕਰਨ ਦੇ ਯੋਗ ਨਹੀਂ ਹੈ, ਤਾਂ ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਇਸ ਨੋਟਿਸ ਵਿੱਚ ਸੂਚੀਬੱਧ ਕਾਉਂਟੀ ਦੀ ਏਜੰਸੀ ਨੂੰ ਆਪਣੀ ਸਥਿਤੀ ਲਈ ਸਹਾਇਕ ਸਬੂਤ ਭੇਜੋ। ਤੁਹਾਡੀ ਦੇਣਦਾਰੀ ਦੇ ਸਬੰਧ ਵਿੱਚ ਕਾਉਂਟੀ ਦੇ ਫ਼ੈਸਲੇ ਬਾਰੇ ਤੁਹਾਨੂੰ ਸੂਚਿਤ ਕੀਤਾ ਜਾਏਗਾ। ਕੁਝ ਸੰਭਾਵੀ ਕਾਰਨ ਕਿ ਤੁਸੀਂ ਦੇਣਦਾਰੀ ਤੋਂ ਕਿਉਂ ਅਸਹਿਮਤ ਹੋ ਸਕਦੇ ਹੋ: (1) ਤੁਸੀਂ ਕਦੇ ਵੀ CalFresh ਪ੍ਰਾਪਤ ਨਹੀਂ ਕੀਤਾ; (2) ਪਿਛਲੀ ਬਕਾਇਆ ਰਕਮ ਦੇ ਤੌਰ ‘ਤੇ ਦਰਸਾਈ ਗਈ ਰਕਮ ਗ਼ਲਤ ਹੈ; ਜਾਂ (3) ਕਾਉਂਟੀ ਇਹ ਹਿਸਾਬ ਲਗਾਉਂਦੇ ਸਮੇਂ ਰਾਜ ਦੇ ਕਨੂੰਨਾਂ ਅਤੇ CalFresh ਵਿਧਾਨਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹੀ ਕਿ ਤੁਹਾਡੇ ‘ਤੇ ਕਿੰਨੀ ਦੇਣਦਾਰੀ ਹੈ; ਜਾਂ

- ਦਿਵਾਲਿਆਪਣ: ਜੇਕਰ ਤੁਸੀਂ ਦਿਵਾਲਿਆਪਣੇ ਲਈ ਫ਼ਾਈਲ ਕੀਤਾ ਹੈ ਅਤੇ ਸਵੈਚਲਿਤ ਦਿਵਾਲਿਆਪਣ ਰੋਕ (ਸਟੇ) ਲਾਗੂ ਹੋਵੇ, ਤਾਂ ਤੁਸੀਂ ਆਫਸੈੱਟ (ਸਮਾਯੋਜਨ ਕਰਨ) ਜਾਂ ਹੋਰ ਉਗਰਾਹੀ ਕਾਰਵਾਈਆਂ ਦੇ ਪਾਤਰ ਨਹੀਂ ਹੋ, ਜਦੋਂ ਕਿ ਇਹ ਰੋਕ ਲਾਗੂ ਹੋਵੇ। ਕਿਰਪਾ ਕਰਕੇ ਦਿਵਾਲਿਆਪਣੇ ਨਾਲ ਸਬੰਧਿਤ ਸਬੂਤ ਭੇਜ ਕੇ ਇਸ ਨੋਟਿਸ ਵਿੱਚ ਸੂਚੀਬੱਧ ਕਾਉਂਟੀ ਦੀ ਏਜੰਸੀ ਨੂੰ ਸੂਚਿਤ ਕਰੋ।

ਜੇਕਰ ਤੁਸੀਂ ਸੰਯੁਕਤ ਆਮਦਨੀ ਟੈਕਸ ਰਿਟਰਨ ਫ਼ਾਈਲ ਕਰਦੇ ਹੋ ਅਤੇ ਤੁਹਾਡਾ ਜੀਵਨਸਾਥੀ ਵਾਧੂ ਭੁਗਤਾਨ ਜਾਰੀ ਕਰਨ ਦੇ ਸਮੇਂ CalFresh ਪਰਿਵਾਰ ਦਾ ਸਦੱਸ ਨਹੀਂ ਸੀ, ਤਾਂ ਤੁਹਾਨੂੰ ਆਪਣੀ ਆਮਦਨੀ ਟੈਕਸ ਰਿਟਰਨ ਫ਼ਾਈਲ ਕਰਨ ਤੋਂ ਪਹਿਲਾਂ ਇੰਟਰਨਲ ਰੈਵੇਨਿਊ ਸਰਵਿਸ (ਆਈ.ਆਰ.ਐਸ.) (Internal Revenue Service) (IRS) ਨੂੰ ਸੰਪਰਕ ਕਰਨਾ ਚਾਹੀਦਾ ਹੈ। ਆਈ.ਆਰ.ਐਸ. ਤੁਹਾਨੂੰ ਆਮਦਨੀ ਟੈਕਸ ਰਿਫੰਡ ਦੇ ਉਸ ਹਿੱਸੇ ਨੂੰ ਸੁਰੱਖਿਅਤ ਰੱਖਣ ਦੇ ਉਪਾਅ ਦੱਸੇਗੀ, ਜੋ ਤੁਹਾਡੇ ਜੀਵਨਸਾਥੀ ਨੂੰ ਭੁਗਤਾਨ ਯੋਗ ਹੋ ਸਕਦੇ ਹਨ, ਜੋ ਹੋ ਸਕਦਾ ਹੈ, ਅਮਰੀਕੀ ਸਰਕਾਰ ਦਾ ਦੋਸ਼ੀ ਦੇਣਦਾਰ ਨਾ ਹੋਵੇ।

ਜੇਕਰ ਤੁਸੀਂ ਸੰਘੀ ਕਰਮਚਾਰੀ ਹੋ, ਤਾਂ ਤੁਹਾਡਾ ਮੌਜੂਦਾ ਕੁੱਲ ਨਿਬੇੜੇ ਯੋਗ ਭੁਗਤਾਨ ਆਫਸੈੱਟ (ਸਮਾਯੋਜਨ ਕਰਨ) ਲਈ ਪਾਤਰ ਹੈ, ਜੇਕਰ ਤੁਸੀਂ ਆਪਣੀ ਦੇਣਦਾਰੀ ਦਾ ਭੁਗਤਾਨ ਨਹੀਂ ਕਰਦੇ ਜਾਂ ਇਸ ਨੋਟਿਸ ਵਿੱਚ ਵਰਣਨ ਕੀਤੀ ਹੋਰ ਕਾਰਵਾਈ ਨਹੀਂ ਕਰਦੇ। ਟੀ.ਓ.ਪੀ. ਦੇ ਅਧੀਨ, ਟ੍ਰੇਜ਼ਰੀ ਵਿਭਾਗ ਉਸ ਭੁਗਤਾਨ ਮਿਆਦ ਤੋਂ ਸ਼ੁਰੂ ਕਰਦੇ ਹੋਏ ਤੁਹਾਡੇ ਨਿਬੇੜੇ ਯੋਗ ਕੁੱਲ ਭੁਗਤਾਨ ਵਿੱਚੋਂ 15% ਤੱਕ ਕੱਟ ਲਵੇਗਾ, ਜਿਸ ਮਿਆਦ ਵਿੱਚ ਤੁਹਾਡੀ ਦੇਣਦਾਰੀ, ਸੰਘੀ ਤਨਖ਼ਾਹ ਜਾਂ ਮਜ਼ਦੂਰੀ ਆਫਸੈੱਟ (ਸਮਾਯੋਜਨ ਕਰਨ) ਲਈ ਭੇਜੀ ਜਾਂਦੀ ਹੈ ਅਤੇ ਉਦੋਂ ਤੱਕ ਹਰੇਕ ਭੁਗਤਾਨ ਮਿਆਦ ਵਿੱਚ ਇਹ ਜਾਰੀ ਰੱਖੇਗਾ, ਜਦੋਂ ਤੱਕ ਕਿ ਤੁਹਾਡੀ ਦੇਣਦਾਰੀ ਅਤੇ ਫੀਸਾਂ, ਜੁਰਮਾਨੇ, ਜਾਂ ਹੋਰ ਮੁੱਲਾਂ ਦਾ ਪੂਰਾ ਭੁਗਤਾਨ ਨਹੀਂ ਹੋ ਜਾਂਦਾ। ਜਦੋਂ ਸੰਘੀ ਤਨਖ਼ਾਹ ਜਾਂ ਮਜ਼ਦੂਰੀ ਪ੍ਰਾਪਤ ਕਰਨ ਦੇ ਤੌਰ ‘ਤੇ ਟੀ.ਓ.ਪੀ. ਦੁਆਰਾ ਤੁਹਾਡੀ ਪਛਾਣ ਹੋ ਜਾਂਦੀ ਹੈ, ਤਾਂ ਤੁਸੀਂ ਮੌਜੂਦਾ ਜਾਂ ਦੇਣਦਾਰੀ ਦੀ ਰਕਮ, ਜਾਂ ਪੇਰੋਲ ਕਟੌਤੀ ਦੀ ਰਕਮ ਦਾ ਵਿਰੋਧ ਕਰਨ ਲਈ ਸੁਣਵਾਈ ਦੇ ਹੱਕਦਾਰ ਹੋਵੋਗੇ। ਜਦੋਂ ਸੰਘੀ ਤਨਖਾਹ ਜਾਂ ਮਜ਼ਦੂਰੀ ਪ੍ਰਾਪਤ ਕਰਨ ਦੇ ਤੌਰ ਤੇ ਟੀ.ਓ.ਪੀ. ਵੱਲੋਂ ਤੁਹਾਡੀ ਪਛਾਣ ਕਰ ਲਈ ਜਾਂਦੀ ਹੈ, ਤਾਂ ਤੁਹਾਨੂੰ ਇਸ ਬਾਰੇ ਜਾਣਕਾਰੀ ਮੁਹੱਈਆ ਕੀਤੀ ਜਾਵੇਗੀ ਕਿ ਸੁਣਵਾਈ ਲਈ ਲਿਖਤ ਬੇਨਤੀ ਕਿੱਥੇ ਫ਼ਾਈਲ ਕਰਨੀ ਹੈ। ਸੁਣਵਾਈ ਲਈ ਸਮੇਂ ਸਿਰ ਫ਼ਾਈਲ ਕਰਨ ਨਾਲ ਇਹ ਸੰਘੀ ਤਨਖ਼ਾਹ ਅਤੇ ਮਜ਼ਦੂਰੀ ਆਫਸੈੱਟ (ਸਮਾਯੋਜਨ ਕਰਨ) ਲਈ ਨਿਬੇੜਾ ਪ੍ਰਕਿਰਿਆਵਾਂ ਦੀ ਸ਼ੁਰੂਆਤ ਨੂੰ ਰੋਕ ਦੇਵੇਗੀ; ਹਾਲਾਂਕਿ, ਇਹ ਸੰਘੀ ਭੁਗਤਾਨਾਂ ਦੇ ਹੋਰ ਪ੍ਰਕਾਰ ਦੇ ਆਫਸੈੱਟ (ਸਮਾਯੋਜਨ ਕਰਨ) ਨੂੰ ਨਹੀਂ ਰੋਕੇਗੀ। ਸੁਣਵਾਈ ਦਾ ਆਖ਼ਰੀ ਫ਼ੈਸਲਾ, ਸੁਣਵਾਈ ਦੇ ਬੇਨਤੀ ਦੀ ਪਟੀਸ਼ਨ ਫ਼ਾਈਲ ਕਰਨ ਦੇ ਬਾਅਦ 60 ਦਿਨਾਂ ਦੇ ਅੰਦਰ-ਅੰਦਰ ਜਾਰੀ ਕੀਤਾ ਜਾਵੇਗਾ। ਸੰਘੀ ਕਰਮਚਾਰੀ ਦੇ ਤੌਰ ‘ਤੇ, ਜੇਕਰ ਤੁਸੀਂ ਹੋਰ ਜੁਰਮਾਨਿਆਂ ਤੋਂ ਇਲਾਵਾ, ਜਾਣਬੁੱਝ ਕੇ ਕੋਈ ਵੀ ਝੂਠੇ ਜਾਂ ਗ਼ਲਤ ਬਿਆਨ ਦਿੰਦੇ ਹੋ, ਨੁਮਾਇੰਦਗੀ ਕਰਦੇ ਹੋ ਜਾਂ ਸਬੂਤ ਦਿੰਦੇ ਹੋ, ਤਾਂ ਤੁਹਾਡੇ ‘ਤੇ ਅਨੁਸ਼ਾਸਨਕ ਕਾਰਵਾਈ ਕੀਤੀ ਜਾ ਸਕਦੀ ਹੈ। ਜਦੋਂ ਤੁਹਾਡੀ ਦੇਣਦਾਰੀ ਟੀ.ਓ.ਪੀ. ਨੂੰ ਭੇਜੀ ਜਾਂਦੀ ਹੈ, ਤਾਂ ਟ੍ਰੇਜ਼ਰੀ ਵਿਭਾਗ ਤੁਹਾਡੀ ਦੇਣਦਾਰੀ ਦੀ ਰਕਮ ਦੇ ਨਾਲ ਤੁਹਾਡੇ ਕਿਸੇ ਵੀ ਯੋਗ ਸੰਘੀ ਫ਼ਾਇਦਿਆਂ ਨੂੰ ਘਟਾ ਦਿੰਦਾ ਹੈ ਜਾਂ ਰੋਕ ਲੈਂਦਾ ਹੈ ਅਤੇ ਤੁਹਾਡੀ ਦੇਣਦਾਰੀ ਨੂੰ ਨਿੱਜੀ ਉਗਰਾਹੀ ਕਾਂਟਰੈਕਟਰਾਂ ਜਾਂ ਨਿਆਂ ਵਿਭਾਗ (Department of Justice) ਨੂੰ ਭੇਜ ਸਕਦਾ ਹੈ। ਟ੍ਰੇਜ਼ਰੀ ਵਿਭਾਗ ਦੇਣਦਾਰੀ ਦੀ ਅਦਾਇਗੀ ਵਾਪਸ ਲੈਣ ਲਈ, ਤੁਹਾਡੇ ਸੰਘੀ ਭੁਗਤਾਨਾਂ ਜਾਂ ਫ਼ਾਇਦਿਆਂ ਵਿੱਚੋਂ 15% ਕੱਟ ਲਵੇਗਾ, ਜਿਵੇਂ ਸੋਸ਼ਲ ਸਿਕਿਓਰਿਟੀ ਰਿਟਾਇਰਮੈਂਟ (Social Security Retirement), ਸਰਵਾਈਵਰਸ ਐਂਡ ਡਿਸਐਬਿਲਿਟੀ (Survivors and Disability) ਫ਼ਾਇਦੇ, ਰੇਲਰੋਡ ਰਿਟਾਇਰਮੈਂਟ (Railroad Retirement) (ਟੀਅਰ 2 ਦੇ ਇਲਾਵਾ) ਫ਼ਾਇਦਿਆਂ ਅਤੇ ਬਲੈਕ ਲੰਗ ਪਾਰਟ ਬੀ (Black Lung Part B) ਫ਼ਾਇਦੇ। ਤੁਸੀਂ ਆਪਣੇ ਸੰਘੀ ਭੁਗਤਾਨਾਂ ਵਿੱਚੋਂ ਘੱਟੋ-ਘੱਟ ਪ੍ਰਤੀ ਮਹੀਨਾ $750 ਜਾਂ ਪ੍ਰਤੀ ਸਾਲ $9,000 ਰੱਖਣ ਦੇ ਹੱਕਦਾਰ ਹੋਵੋਗੇ। ਜੇਕਰ ਤੁਸੀਂ ਸੋਸ਼ਲ ਸਿਕਿਓਰਿਟੀ ਐਡਮਿਨਿਸਟ੍ਰੇਸ਼ਨ (Social Security Administration) ਤੋਂ ਸਪਲੀਮੈਂਟਲ ਸਿਕਿਓਰਿਟੀ ਇਨਕਮ (ਐਸ.ਐਸ.ਆਈ.) (Supplemental Security Income) (SSI) ਅਪਾਹਜਪੁਣੇ ਸਬੰਧੀ ਫ਼ਾਇਦੇ ਪ੍ਰਾਪਤ ਕਰਦੇ ਹੋ, ਤਾਂ ਤੁਹਾਡੀ ਦੇਣਦਾਰੀ ਦਾ ਭੁਗਤਾਨ ਵਾਪਸ ਲੈਣ ਲਈ ਉਹਨਾਂ ਫ਼ਾਇਦਿਆਂ ਨੂੰ ਨਹੀਂ ਰੋਕਿਆ ਜਾਵੇਗਾ।

ਜੇਕਰ ਤੁਸੀਂ ਝੂਠੇ ਜਾਂ ਗਲਤ ਬਿਆਨ ਦਿੰਦੇ ਹੋ, ਨੁਮਾਇੰਦਗੀਆਂ ਕਰਦੇ ਹੋ ਜਾਂ ਸਬੂਤ ਦਿੰਦੇ ਹੋ, ਤਾਂ ਤੁਸੀਂ ਝੂਠੇ ਦਾਅਵਿਆਂ ਦੇ ਅਧਿਨਿਯਮ (False Claims Act) (31 U.S.C. §§ 3729-3731), ਜਾਂ ਹੋਰ ਲਾਗੂ ਵਿਧਾਨਾਂ ਦੇ ਅਧੀਨ ਜੁਰਮਾਨਿਆਂ ਲਈ ਅਤੇ/ਜਾਂ 18 U.S.C. §§ 286, 287, 1001, ਅਤੇ 1002, ਜਾਂ ਹੋਰ ਲਾਗੂ ਵਿਧਾਨਾਂ ਦੇ ਅਧੀਨ ਅਪਰਾਧਕ ਸਜ਼ਾ ਦੇ ਪਾਤਰ ਹੋ ਸਕਦੇ ਹੋ।

ਟੀ.ਓ.ਪੀ. ਨੂੰ ਤੁਹਾਡੀ ਦੇਣਦਾਰੀ ਭੇਜੇ ਜਾਣ ਤੋਂ ਪਹਿਲਾਂ, ਤੁਸੀਂ ਇਹ ਕਰ ਸਕਦੇ ਹੋ (1) ਆਪਣੀ ਦੇਣਦਾਰੀ ਨਾਲ ਸਬੰਧਿਤ ਕਾਉਂਟੀ ਦੇ ਰਿਕਾਰਡਾਂ ਦੀ ਜਾਂਚ ਕਰ ਅਤੇ ਨਕਲ ਬਣਾ ਸਕਦੇ ਹੋ, (2) ਕਾਉਂਟੀ ਵੱਲੋਂ ਇਸ ਨਿਰਧਾਰਨ ਦੀ ਸਮੀਖਿਆ ਦੀ ਬੇਨਤੀ ਕਿ ਤੁਸੀਂ ਕਿੰਨੀ ਰਕਮ ਦੇ ਦੇਣਦਾਰ ਹੋ, ਅਤੇ (3) ਸਵੀਕਾਰਯੋਗ ਲਿਖਤ ਅਦਾਇਗੀ ਇਕਰਾਰਨਾਮਾ ਕਰ ਸਕਦੇ ਹੋ।